ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: ੧੧੧

# ਦੂਖੁ ਨ ਦੇਈ ਕਿਸੈ ਜੀਅ

MATA GUJRI GURDWARA
G.T.B. GURDWARA
106 EAST PARK ROAD
LEICESTER
TEL: (0116) 276 0517

ਪ੍ਰਕਾਸ਼ਕ :

## ਗੁਰਮਤਿ ਪ੍ਰਚਾਰ ਸਭਾ

ਪਟਿਆਲਾ

| ਅਕਤੂਬਰ | ਸੰਮਤ ਖਾਲਸਾ | ਪਹਿਲੀ ਵਾਰ |
|---|---|---|
| ੧੯੯੬ | ੨੯੮ | ੨੫,੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ।

# ਦੂਖੁ ਨ ਦੇਈ ਕਿਸੈ ਜੀਅ

ਸਾਰੇ ਤਾਂ ਨਹੀਂ ਪਰ ਬਹੁਤ ਸਾਰੇ ਅਸੀ ਦੁਨਿਆਵੀ ਲੋਕ ਸੁਆਰਥ ਵਸ, ਲੈਣ-ਦੇਣ ਅਤੇ ਆਪਣੇ ਕਾਰ-ਵਿਹਾਰ ਵਿਚ ਹੀ ਨਹੀਂ ਸਗੋਂ ਵਸ ਲਗਦੇ ਜੀਵਨ ਦੇ ਹਰ ਪੱਖ ਜਾਂ ਹਰ ਖੇਤਰ ਵਿਚ ਕੇਵਲ ਤੇ ਕੇਵਲ ਆਪਣੇ ਹੀ ਲਾਭ ਦਾ ਧਿਆਨ ਰੱਖਦੇ ਹਾਂ।

ਵੈਸੇ ਤਾਂ ਆਪਣੇ ਲਾਭ ਦਾ ਧਿਆਨ ਰੱਖਣਾ ਕੋਈ ਮਾੜੀ ਗੱਲ ਨਹੀਂ ਪਰ ਜਦ ਆਪਣੇ ਲਾਭ ਲਈ ਦੂਜੇ ਦਾ ਹੱਕ ਮਾਰਨ ਤੋਂ ਵੀ ਸੰਕੋਚ ਨਾਂਹ ਕਰਨਾ ਜਾਂ ਅਗਲੇ ਦੀ ਮਜਬੂਰੀ ਦਾ ਨਾਜਾਇਜ਼ ਲਾਭ ਉਠਾਂਦਿਆਂ ਦੂਜੇ ਨਾਲ ਹੁੰਦੀ ਜ਼ਿਆਦਤੀ ਦੀ ਪਰਵਾਹ ਨਹੀਂ ਕਰਦੇ ਤਾਂ ਉਸ ਦੂਜੇ ਬੰਦੇ ਅੰਦਰ ਸਾਡੇ ਪ੍ਰਤੀ ਮੰਦੀ ਭਾਵਨਾ ਪੈਦਾ ਹੋਣੀ ਕੁਦਰਤੀ ਹੈ। ਇਹ ਮੰਦੀ ਭਾਵਨਾ, ਬਦ-ਦੁਆ (ਬਦਅਸੀਸ) ਜਾਂ ਆਹ ਦੇ ਰੂਪ ਵਿਚ ਜਦ ਉਸ ਅੰਦਰੋਂ ਨਿਕਲਦੀ ਹੈ ਤਾਂ ਉਸ ਦਾ ਅਸਰ ਸਾਡੇ ਉੱਤੇ ਪੈਣਾ ਕੁਦਰਤੀ ਹੈ ਜਿਸ ਦਾ ਅਸੀ ਧਿਆਨ ਨਹੀਂ ਕਰਦੇ।

ਬਹੁਤੀ ਵਾਰ ਅਸੀਂ ਇਹ ਸੋਚਦੇ ਹੀ ਨਹੀਂ ਕਿ ਕਿਸੇ ਦੀ ਬਦਅਸੀਸ ਜਾਂ ਆਹ ਦਾ ਸਾਡੇ ਉੱਤੇ ਕਿਤਨਾ ਮਾੜਾ ਅਸਰ ਪਵੇਗਾ ਜਾਂ ਪੈਂਦਾ ਹੈ। ਗੁਰਬਾਣੀ ਵਿਚ ਇਸ ਬਾਰੇ ਭਾਂਵੇਂ ਬੇਅੰਤ ਸ਼ਬਦ ਅਤੇ ਪੰਗਤੀਆਂ ਸਾਡੀ ਅਗਵਾਈ ਲਈ ਲਿਖੀਆਂ ਮਿਲਦੀਆਂ ਹਨ ਪਰ ਸਾਡੇ ਅੰਦਰ ਬਹੁਤਿਆਂ ਦੀ ਰੁਚੀ ਬਾਣੀ ਨੂੰ ਧਿਆਨ ਨਾਲ, ਵੀਚਾਰ ਨਾਲ ਪੜ੍ਹਨ ਦੀ ਨਾਂਹ ਹੋਣ ਕਾਰਨ ਅਸੀ ਇਸ ਪਾਸੇ

ਧਿਆਨ ਨਹੀਂ ਦੇਂਦੇ ਜਿਸ ਕਰਕੇ ਅਸੀ ਆਪੋ ਆਪਣੇ ਜੀਵਨ ਵਿਚ ਕਈ ਪੱਖਾਂ ਤੋਂ ਨੁਕਸਾਨ ਉਠਾਂਦੇ ਰਹਿੰਦੇ ਹਾਂ।

ਮਹਾਂਪੁਰਸ਼, ਜਿਨ੍ਹਾਂ ਨੇ ਨਾਮ-ਬਾਣੀ ਦੀ ਕਰੜੀ ਘਾਲਣਾ ਕਮਾਈ ਦੇ ਨਾਲ-ਨਾਲ ਗੁਰੂ ਪਾਤਸ਼ਾਹ ਦੇ ਬਖਸ਼ੇ ਉੱਦਮ ਅਤੇ ਪ੍ਰੇਰਨਾ ਸਦਕਾ ਲੱਗੀ ਧਰਮ ਪ੍ਰਚਾਰ ਦੀ ਡਿਊਟੀ ਨਿਭਾਉਂਦਿਆਂ, ਅਰਥਾਤ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਦਿਆਂ ਕਈ ਵਾਰ ਅਨੁਭਵ ਵਿਚ ਆਈਆਂ ਗੱਲਾਂ ਨਾਂਹ ਚਾਹੁੰਦਿਆਂ ਹੋਇਆਂ ਵੀ ਸਹਿਜੇ ਹੀ ਮੁਖਾਰਬਿੰਦ ਤੋਂ ਨਿਕਲ ਜਾਂਦੀਆਂ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਮਨੁੱਖ ਦੇ ਸਵਾਰਥ ਵਸ ਕੀਤੀਆਂ ਉਪ੍ਰੋਕਤ ਲਾਪ੍ਰਵਾਹੀਆਂ (ਗਲਤੀਆਂ) ਦੇ ਕਿਤਨੇ ਮਾੜੇ ਨਤੀਜੇ ਨਿਕਲਦੇ ਹਨ।

ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ (ਹੁਸ਼ਿਆਰਪੁਰ) ਵਾਲਿਆਂ ਦੀ ਜੀਵਨੀ ('ਸੇ ਕਿਨੇਹਿਆ') ਵਿਚੋਂ ਦੋ ਕੁ ਘਟਨਾਵਾਂ ਪਾਠਕਾਂ ਦੀ ਜਾਣਕਾਰੀ ਲਈ ਧੰਨਵਾਦ ਸਹਿਤ ਛਾਪਣ ਦਾ ਉਪਰਾਲਾ ਗੁਰੂ ਕਿਰਪਾ ਸਦਕਾ ਹੀ ਹੋ ਰਿਹਾ ਹੈ। ਆਸ ਹੈ ਪਾਠਕ ਪਸੰਦ ਕਰਨਗੇ।

**ਪ੍ਰਾਰਥਕ**

---

**I**

ਪਿੰਡ ਮਾਛੀਆਂ ਦਾ ਰਹਿਣ ਵਾਲਾ ਸ: ਹਰਬਖਸ਼ ਸਿੰਘ ਇਕ ਵਾਰ ਬਾਬਾ ਜੀ ਕੋਲ ਆ ਕੇ ਬੇਨਤੀ ਕਰਨ ਲੱਗਾ ਕਿ ਬਾਬਾ ਜੀ! ਆਪ ਜਾਣਦੇ ਹੀ ਹੋ ਕਿ ਬਾਰਸ਼ ਕਦੀ ਤਾਂ ਸਮੇਂ ਨਾਲ ਹੋ ਜਾਂਦੀ ਹੈ ਅਤੇ ਕਦੀ ਔੜ ਲਗ ਜਾਂਦੀ ਹੈ ਜਿਸ

ਕਾਰਨ ਫਸਲ ਨਹੀਂ ਹੁੰਦੀ। ਸਾਡੇ ਨਾਲ ਦੇ ਖੇਤਾਂ ਵਿਚ ਲੋਕਾਂ ਨੇ ਟਿਊਬਵੈੱਲ ਲਾਏ ਹਨ ਤੇ ਉਹ ਆਪਣੀ ਮਰਜ਼ੀ ਨਾਲ ਜਦੋਂ ਚਾਹੁਣ ਫਸਲ ਨੂੰ ਪਾਣੀ ਲਾ ਲੈਂਦੇ ਹਨ। ਉਨ੍ਹਾਂ ਨੂੰ ਵੇਖ ਕੇ ਮੈਂ ਵੀ ਆਪਣੇ ਖੇਤ ਵਿਚ ਬੋਰ ਕਰਾਉਣਾ ਆਰੰਭ ਕੀਤਾ, ਦੂਰ-ਦੂਰ ਤੱਕ ਦਸ ਬਾਰ੍ਹਾਂ ਬੋਰ ਕਾਫ਼ੀ ਡੂੰਘਾਈ ਤਕ ਕੀਤੇ ਹਨ, ਪਤਣ ਵੀ ਠੀਕ ਆ ਜਾਂਦਾ ਹੈ, ਬੋਰ ਕਰਨ ਵਾਲੇ ਵੀ ਕਹਿੰਦੇ ਹਨ ਕਿ ਪਤਣ ਬਹੁਤ ਸੁਹਣਾ ਹੈ, ਬਾਕੀ ਸਾਰੇ ਬੋਰ ਇਸੇ ਪਤਨ ਤੇ ਹੀ ਚਲਦੇ ਹਨ ਪਰ ਜਦੋਂ ਬੋਰ ਚਾਲੂ ਕਰੀਦਾ ਹੈ ਤਾਂ ਪਾਣੀ ਨਹੀਂ ਆਉਂਦਾ।

ਉਸ ਕਿਹਾ ਕਿ ਖਰਚ ਵਿਤੋਂ ਵਧ ਹੋ ਚੁੱਕਾ ਹੈ, ਅਗਾਂਹ ਵੀ ਕੋਈ ਆਸ ਨਹੀਂ। ਮੈਂ ਹੁਣ ਆਪ ਜੀ ਪਾਸ ਬੇਨਤੀ ਲੈ ਕੇ ਆਇਆ ਹਾਂ ਕਿ ਮੈਨੂੰ ਕੋਈ ਉਪਾਉ ਦੱਸੋ, ਜਿਸ ਕਰਕੇ ਮੈਨੂੰ ਟਿਊਬਵੈੱਲ ਲਾਉਣ ਵਿਚ ਸਫਲਤਾ ਪ੍ਰਾਪਤ ਹੋਵੇ ਤੇ ਪਾਣੀ ਮਿਲ ਜਾਵੇ।

ਬਾਬਾ ਜੀ ਸ: ਹਰਬਖਸ਼ ਸਿੰਘ ਹੁਰਾਂ ਦੀ ਗਲ ਸੁਣ ਕੇ ਕੁਝ ਦੇਰ ਚੁੱਪ ਰਹੇ ਤੇ ਕਹਿਣ ਲੱਗੇ ਕਿ ਤੁਸੀਂ ਧੁੱਪੇ ਆਏ ਹੋ, ਕੁਝ ਜਲ-ਪਾਣੀ ਛੱਕ ਲਵੋ। ਆਪ ਦਾ ਬਚਨ ਮੰਨ ਕੇ ਸ: ਹਰਬਖਸ਼ ਸਿੰਘ ਜੀ ਨੇ ਥੋਹੜਾ ਜਲ-ਪਾਣੀ ਛਕਿਆ ਤੇ ਮੁੜ ਬਾਬਾ ਜੀ ਪਾਸ ਆ ਬੈਠਾ।

ਸ: ਹਰਬਖਸ਼ ਸਿੰਘ ਦੇ ਬੈਠਦੇ ਹੀ ਆਪ ਨੇ ਉਹਨਾਂ ਨੂੰ ਕਿਹਾ ਕਿ ਸਰਦਾਰ ਜੀ, ਤੁਸੀਂ ਕਿਸੇ ਗਰੀਬ ਦੇ ਪੈਸੇ ਦੇਣੇ ਹਨ, ਜੋ ਨਹੀਂ ਦਿੱਤੇ। ਤੁਸੀਂ ਦੇ ਵੀ ਸਕਦੇ ਹੋ ਪਰ ਧਿੰਙੋਜ਼ੋਰੀ ਉਸ ਦੇ ਪੈਸੇ ਦਬਾਏ ਹੋਏ ਹਨ। ਉਸ ਗਰੀਬ ਦੀ ਆਹ ਤੁਹਾਡੇ ਬੋਰ ਵਿਚ ਰੁਕਾਵਟ ਬਣ ਰਹੀ ਹੈ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਹਰਬਖਸ਼ ਸਿੰਘ ਨੇ

ਦੁਨਿਆਵੀ ਚਤੁਰਾਈ ਅਧੀਨ ਉੱਤਰ ਦਿੱਤਾ ਕਿ ਬਾਬਾ ਜੀ! ਮੈਂ ਕਿਸੇ ਦੇ ਪੈਸੇ ਨਹੀਂ ਮਾਰੇ ਤੇ ਨਾ ਹੀ ਕਿਸੇ ਦੇ ਦੇਣੇ ਹਨ। ਬਾਬਾ ਜੀ ਕਹਿਣ ਲੱਗੇ ਸ: ਹਰਬਖਸ਼ ਸਿੰਘ ਜੀ, ਜ਼ਰਾ ਧਿਆਨ ਨਾਲ ਸੋਚ ਲਵੋ, ਕਾਰਨ ਇਹੋ ਹੀ ਹੈ। ਜਿੰਨਾ ਚਿਰ ਤੁਸੀਂ ਉਸ ਗਰੀਬ ਦੇ ਪੈਸੇ ਦੇ ਕੇ ਨਿਕਲ ਰਹੀ ਆਹ ਨੂੰ ਬੰਦ ਨਹੀਂ ਕਰਦੇ, ਦਸ-ਬਾਰ੍ਹਾਂ ਤਾਂ ਕੀ, ਭਾਂਵੇ ਸਾਰੇ ਖੇਤਾਂ ਵਿਚ ਬੋਰ ਕਰਾਈ ਜਾਵੋ ਪਾਣੀ ਨਹੀਂ ਆਏਗਾ। ਗਰੀਬ ਦੀ ਆਹ ਬਹੁਤ ਦੂਰ ਤੱਕ ਅਸਰ ਕਰਦੀ ਹੈ।

ਬਾਬਾ ਜੀ ਨੇ ਕਿਹਾ ਕਿ ਭਾਂਵੇਂ ਉਸ ਗਰੀਬ ਵਿਚ ਸਮਰਥਾ ਨਹੀਂ ਕਿ ਉਹ ਤੁਹਾਡੇ ਪਾਸੋਂ ਜ਼ੋਰ ਨਾਲ ਜਾਂ ਸਰਕਾਰੇ ਦਰਬਾਰੇ ਫਰਿਆਦ ਕਰਕੇ ਪੈਸੇ ਲੈ ਲਵੇ ਪਰ ਉਸ ਗਰੀਬ ਦੀ ਅੰਦਰੋਂ ਹਰ ਵੇਲੇ ਨਿਕਲ ਰਹੀ ਆਹ ਤੇ ਬਦ-ਅਸੀਸ ਤੁਹਾਡੇ ਕੰਮ ਵਿਚ ਰੁਕਾਵਟ ਬਣ ਰਹੀ ਹੈ। ਜ਼ਰਾ ਧਿਆਨ ਨਾਲ ਆਪਣੇ ਅੰਦਰ ਝਾਤੀ ਮਾਰੋ, ਕਾਰਨ ਇਹੋ ਹੀ ਹੈ।

ਸ: ਹਰਬਖਸ਼ ਸਿੰਘ ਨੂੰ ਪਤਾ ਤਾਂ ਸੀ ਹੀ, ਜਦੋਂ ਆਪ ਜੀ ਦੇ ਦੁਬਾਰਾ ਦ੍ਰਿੜਤਾ ਭਰੇ ਬਚਨ ਸੁਣੇ ਤਾਂ ਅੰਦਰ ਜੋ ਅਸਲੀਅਤ ਸੀ, ਉਹ ਮੁਲੰਮੇ ਦਾ ਪਰਦਾ ਤੋੜ ਕੇ ਬਾਹਰ ਆ ਗਈ ਤੇ ਕਹਿਣ ਲੱਗਾ ਕਿ ਹਾਂ ਬਾਬਾ ਜੀ ਆਪ ਜੀ ਦਾ ਬਚਨ ਸਤਿ ਹੈ। ਮੈਂ ਇਕ ਗਰੀਬ ਦੇ 280/- ਰੁ: ਦੇਣੇ ਹਨ। ਦੋ ਸਾਲ ਹੋ ਗਏ ਹਨ, ਉਸ ਨੇ ਕਈ ਵਾਰ ਮੰਗੇ ਵੀ ਹਨ ਪਰ ਮੈਂ ਉਸ ਨੂੰ ਨਹੀਂ ਦਿੱਤੇ।

ਬਾਬਾ ਜੀ ਨੇ ਕਿਹਾ ਕਿ ਸਰਦਾਰ ਜੀ! ਜੇ ਬੋਰ ਵਿਚੋਂ ਪਾਣੀ ਲੈਣਾ ਹੈ ਤਾਂ ਪਹਿਲਾਂ ਉਸ ਗਰੀਬ ਦੇ ਪੈਸੇ ਜਿਤਨੇ ਦੇਣੇ ਹਨ ਉਸ ਨੂੰ ਵਿਆਜ ਸਮੇਤ ਦੇ ਕੇ ਆਓ ਤਾਂ ਉਸਦੀ ਖ਼ੁਸ਼ੀ ਹੋਵੇਗੀ। ਪੈਸੇ ਦੇਣ ਉਪ੍ਰੰਤ ਗੁਰੂ ਮਹਾਰਾਜ ਜੀ ਦੇ

ਚਰਨਾਂ ਵਿਚ ਕੜਾਹ ਪ੍ਰਸ਼ਾਦ ਦੀ ਦੇਗ਼ ਕਰਵਾ ਕੇ, ਕੀਤੀ ਭੁੱਲ ਦੀ ਮਾਫ਼ੀ ਲਈ ਅਰਦਾਸ ਕਰਾਵੋ, ਤੁਹਾਨੂੰ ਪਾਣੀ ਉਸੇ ਬੋਰ ਵਿਚੋਂ ਹੀ ਮਿਲ ਜਾਵੇਗਾ।

ਸ: ਹਰਬਖਸ਼ ਸਿੰਘ ਜੀ ਦੇ ਮਨ ਵਿਚ ਆਪ ਜੀ ਦੇ ਬਚਨਾਂ ਦਾ ਅਸਰ ਹੋਇਆ ਤੇ ਉਸ ਦੇ ਆਪਣੇ ਮਨ ਅੰਦਰ ਪਛਤਾਵਾ ਹੋਣਾ ਵੀ ਸ਼ੁਰੂ ਹੋ ਗਿਆ। ਘਰ ਜਾ ਕੇ ਉਸ ਨੇ ਪੈਸੇ ਇਕੱਠੇ ਕੀਤੇ ਤੇ ਉਸ ਪ੍ਰੇਮੀ ਨੂੰ ਘਰ ਸਦ ਕੇ ਮੂਲ ਰਕਮ ਦੇ ਨਾਲ 50/-ਰੁ: ਵਿਆਜ ਵਜੋਂ ਹੋਰ ਵੀ ਦਿੱਤੇ।

ਉਹ ਗ਼ਰੀਬ ਜਿਸ ਨੂੰ ਮੂਲ ਰਕਮ ਵੀ ਮਿਲਣ ਦੀ ਆਸ ਨਹੀਂ ਸੀ, ਅਚਾਨਕ ਮਰੀ ਹੋਈ ਰਕਮ ਵਿਆਜ ਸਮੇਤ ਮਿਲਣ ਨਾਲ ਉਸ ਦਾ ਅੰਦਰ ਖਿੜ ਗਿਆ ਤੇ ਉਹ ਅਸੀਸਾਂ ਦੇਂਦਾ ਘਰ ਨੂੰ ਚਲਾ ਗਿਆ।

ਅਗਲੇ ਦਿਨ ਹਰਬਖਸ਼ ਸਿੰਘ ਹੋਰੀਂ ਘਰੋਂ ਰਸਦ ਲਿਆ ਕੇ ਗੁਰਦੁਆਰਾ ਸਾਹਿਬ ਆਏ ਤੇ ਪ੍ਰਸ਼ਾਦ ਬਣਵਾਇਆ, ਬਾਬਾ ਜੀ ਨੇ ਅਰਦਾਸ ਕੀਤੀ ਕਿ ਮਹਾਰਾਜ ਜੀ! ਇਹ ਪ੍ਰੇਮੀ ਹੋਈ ਭੁੱਲ ਨੂੰ ਦੂਰ ਕਰਕੇ ਆਪ ਜੀ ਪਾਸੋਂ ਮਾਫ਼ੀ ਮੰਗਣ ਲਈ ਹਾਜ਼ਰ ਹੋਇਆ ਹੈ। ਅਣਜਾਣ ਜਾਣ ਕੇ ਖਿਮਾ ਕਰੋ ਤੇ ਆਪਣੇ ਭਾਣੇ ਵਿਚ ਮਨੋ-ਕਾਮਨਾ ਪੂਰੀ ਕਰੋ।

ਅਰਦਾਸ ਉਪ੍ਰੰਤ ਪ੍ਰਸ਼ਾਦ ਲੈ ਕੇ ਉਹ ਸਿੱਧਾ ਬੋਰ ਵਾਲੇ ਖੇਤ ਵਿਚ ਪੁੱਜਾ। ਕਾਰੀਗਰਾਂ ਨੇ ਦੋ-ਚਾਰ ਬੋਕੀਆਂ ਬੋਰ ਵਿਚ ਮਾਰ ਕੇ ਚੜ੍ਹੀ ਹੋਈ ਰੇਤ ਕੱਢੀ ਤੇ ਬੋਰ ਦਾ ਸਾਮਾਨ ਵਿਚ ਪਾ ਦਿੱਤਾ। ਸਾਰੀ ਤਿਆਰੀ ਹੋ ਜਾਣ ਉਪ੍ਰੰਤ ਟਿਊਬਵੈੱਲ ਚਲਾਇਆ ਗਿਆ, ਪਾਣੀ ਬੇਅੰਤ ਆਇਆ। ਸਾਰੇ ਹੈਰਾਨ ਸਨ ਪਰ ਵਿਚਲੀ ਗਲ ਦਾ ਕਿਸੇ ਨੂੰ ਕੀ ਪਤਾ ਸੀ?

ਤਕਰੀਬਨ ਅਜ 30 ਸਾਲ ਤੋਂ ਉਤੇ ਦਾ ਸਮਾਂ ਹੋ ਗਿਆ ਹੈ, ਨਿਰੰਤਰ ਉਹ ਬੋਰ ਲਗਾਤਾਰ ਪਾਣੀ ਦੇ ਰਿਹਾ ਹੈ। ਇਹ ਘਟਨਾ ਲਿਖਣ ਤੋਂ ਭਾਵ ਇਹ ਗਲ ਅਸੀਂ ਚੇਤੇ ਰੱਖਣੀ ਹੈ ਕਿ ਪਰਮੇਸ਼ਵਰ ਹਰ ਪ੍ਰਾਣੀ-ਮਾਤਰ ਵਿਚ ਵਸਦਾ ਹੈ। ਜਦੋਂ ਆਪਾਂ ਕਿਸੇ ਦੇ ਮਨ ਨੂੰ ਕਿਸੇ ਕਾਰਨ ਵੀ ਠੇਸ ਪਹੁੰਚਾਉਂਦੇ ਹਾਂ ਤਾਂ ਉਹ ਜਿੱਥੇ ਸਾਡੇ ਆਤਮਕ ਪੰਧ ਵਿਚ ਬਹੁਤ ਵੱਡਾ ਨੁਕਸਾਨ ਕਰਦੀ ਹੈ ਉਥੇ ਦੁਨਿਆਵੀ ਕੰਮਾਂ ਵਿਚ ਵੀ ਰੁਕਾਵਟ ਹੋ ਖੜੋਂਦੀ ਹੈ। ਇਸੇ ਲਈ ਬਾਬਾ ਫਰੀਦ ਜੀ ਨੇ ਫੁਰਮਾਨ ਕੀਤਾ ਹੈ :-

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥*
*ਜੇ ਤਉ ਪਿਰੀਆ ਦੀ ਸਿਕ*
*ਹਿਆਉ ਨ ਠਾਹੇ ਕਹੀਦਾ॥* (੧੩੮੪)

ਭਾਵ : ਸਾਰਿਆਂ ਦੇ ਮਨ ਮੋਤੀ ਹਨ, (ਕਿਸੇ ਨੂੰ ਭੀ) ਦੁੱਖਾਣਾ ਉੱਕਾ ਹੀ ਚੰਗਾ ਨਹੀਂ। ਜੇ ਤੈਨੂੰ ਪਿਆਰੇ ਪ੍ਰਭੂ ਦੇ ਮਿਲਣ ਦੀ ਤਾਂਘ ਹੈ ਤਾਂ ਕਿਸੇ ਦਾ ਦਿਲ ਨਾਂਹ ਦੁਖਾ (ਢਾਹ)

ਭਾ: ਨੰਦ ਲਾਲ ਜੀ ਦਾ ਫੁਰਮਾਨ ਹੈ:-

*ਖਲਕ ਖਾਲਕ ਕੀ ਜਾਣ ਕੈ, ਖ਼ਲਕ ਦੁਖਾਵੈ ਨਾਹਿ॥*
*ਖਲਕ ਦੁਖੇ ਜਬ ਨੰਦ ਜੀ, ਖਾਲਕ ਕੋਪੇ ਤਾਹਿ॥*

ਬਾਬਾ ਫਰੀਦ ਜੀ ਦੇ ਹੋਰ ਬਚਨ :-

*ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ॥*
*ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ॥*
(੧੩੮੧)

ਜੇ ਆਪਾਂ ਕਿਸੇ ਦੀ ਲੋੜ ਪੂਰੀ ਕਰ ਕੇ ਸੁੱਖ ਦੇਣ ਦਾ ਕਾਰਨ ਨਹੀਂ ਬਣ ਸਕਦੇ ਤਾਂ ਕਿਸੇ ਦਾ ਦਿਲ ਦੁਖਾ ਕੇ ਬਦ-ਅਸੀਸ ਲੈਣ ਦੇ ਭਾਗੀ ਤਾਂ ਨਾਂਹ ਬਣੀਏ।

ਗੁਰੂ ਪਾਤਸ਼ਾਹ ਨੇ ਪਰਾਏ ਹੱਕ ਤੋਂ ਬਚਨ ਲਈ ਬੜਾ ਸਾਵਧਾਨ ਕੀਤਾ ਹੈ ਤੇ ਕਿਹਾ ਹੈ:-

*ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥*
(੧੪੨)

॥

ਭਾਈ ਦਇਆ ਸਿੰਘ ਨੇ ਦਸਿਆ ਕਿ ਇਕ ਦਿਨ ਮੈਂ ਬਾਬਾ ਜੀ ਪਾਸ ਗਿਆ, ਉਨ੍ਹਾਂ ਪਾਸ ਦੋ ਤਿੰਨ ਹੋਰ ਜਗਿਆਸੂ ਵੀ ਬੈਠੇ ਬਚਨ ਬਿਲਾਸ ਕਰ ਰਹੇ ਸਨ।

ਬਾਬਾ ਜੀ ਨੂੰ ਗੁਰੂ ਮਹਾਰਾਜ ਜੀ ਦੇ ਉਪਦੇਸ਼ ਦ੍ਰਿੜ ਕਰਾਉਣ ਦੀ ਜੋ ਡਿਊਟੀ ਉਨ੍ਹਾਂ ਦੀ ਸੀ, ਉਸ ਨੂੰ ਪੂਰਾ ਕਰਦੇ ਹੋਏ ਪ੍ਰੇਮੀਆਂ ਨੂੰ ਪ੍ਰੇਰਨਾ ਦੇ ਰਹੇ ਸਨ ਕਿ ਮਨੁੱਖ ਨੂੰ ਹਮੇਸ਼ਾਂ ਮਾੜੇ ਕਰਮਾਂ ਤੋਂ ਬਚਨਾ ਚਾਹੀਦਾ ਹੈ। ਗੁਰਬਾਣੀ ਨੂੰ ਵੀਚਾਰ ਨਾਲ ਪੜ੍ਹ ਕੇ, ਗੁਰਬਾਣੀ ਜਿਨ੍ਹਾਂ ਮਾੜੇ ਕਰਮਾਂ ਤੋਂ ਸਾਨੂੰ ਵਰਜਦੀ ਹੈ, ਉਨ੍ਹਾਂ ਦਾ ਤਿਆਗ ਕਰਨਾ ਚਾਹੀਦਾ ਹੈ, ਜਿਹੜੇ ਚੰਗੇ ਕਰਮ ਕਰਨ ਲਈ ਗੁਰਬਾਣੀ ਸਾਨੂੰ ਪ੍ਰੇਰਦੀ ਹੈ ਉਹ ਕਰਨੇ ਚਾਹੀਦੇ ਹਨ।

ਉਨਾਂ ਕਿਹਾ ਕਿ ਗੁਰਬਾਣੀ ਵਿਚੋਂ ਸਾਨੂੰ ਨਿੱਤ ਨਵੀਂ ਅਗਵਾਈ ਮਿਲਦੀ ਹੈ। ਇਸੇ ਲਈ ਸਤਿਗੁਰੂ ਜੀ ਨੇ ਸਾਨੂੰ ਹੁਕਮ ਕੀਤਾ ਹੈ ਕਿ ਸਾਡਾ ਸਿੱਖ ਹਰ ਰੋਜ਼ ਸੱਤ ਬਾਣੀਆਂ (ਪੰਜ ਸਵੇਰ ਦੀਆਂ ਤੇ ਦੋ ਸ਼ਾਮ ਦੀਆਂ) ਦਾ ਨਿਤਨੇਮ ਕਰੇ। ਗੁਰਬਾਣੀ ਦੇ ਪਾਠ ਵਿਚੋਂ ਜੀਵਨ ਸੇਧ ਮਿਲਦੀ ਹੈ।

ਭਾ: ਦਇਆ ਸਿੰਘ ਜੀ ਨੇ ਦੱਸਿਆ ਕਿ ਜਦ ਬਾਬਾ ਜੀ ਮੁੜ-ਮੁੜ ਕੇ ਬਾਣੀ ਪੜ੍ਹਨ ਲਈ ਜ਼ੋਰ ਦੇ ਰਹੇ ਸਨ ਤਾਂ ਮੈਥੋਂ ਰਿਹਾ ਨ ਗਿਆ। ਮੈਂ ਆਪਣੀ ਸਮਝ ਅਨੁਸਾਰ ਬਾਬਾ

ਜੀ ਨੂੰ ਕਿਹਾ ਕਿ ਤੁਸਾਂ ਮੁੜ-ਮੁੜ ਬਾਣੀ ਦਾ ਪਾਠ ਕਰਨ ਲਈ ਕਹੀ ਜਾਂਦੇ ਹੋ, ਬਾੜੀ ਪੜ੍ਹਨ ਵਾਲੇ ਵੀ ਕਿਹੜੇ ਸਾਰੇ ਸੁਖੀ ਹਨ, ਉਨ੍ਹਾਂ ਨੂੰ ਵੀ ਕਈਆਂ ਨੂੰ ਲੱਕ ਘਸੀਟ ਘਸੀਟ ਕੇ ਤੁਰਨਾ ਪੈ ਰਿਹਾ ਹੈ। ਉਹ ਤਾਂ ਬਿਨ੍ਹਾਂ ਸਹਾਰੇ ਤੋਂ ਤੁਰ ਵੀ ਨਹੀਂ ਸਕਦੇ। ਕਈ ਹੋਰ ਦੁੱਖਾਂ ਵਿਚ ਘਿਰੇ ਹੋਏ ਹਨ।

ਇਹ ਗਲ ਕਹਿ ਕੇ ਮਾਨੋ ਮੈਂ ਚਲ੍ਹੇ ਵਿਚ ਡਾਂਗ ਫੇਰ ਦਿੱਤੀ। ਉਹ ਦੋ ਸਰੋਤੇ ਜੋ ਬਾਬਾ ਜੀ ਦੇ ਬਚਨ ਬੜੇ ਗਹੁ ਨਾਲ ਸੁਣ ਰਹੇ ਸਨ ਚੁੱਪ ਕਰ ਗਏ ਤੇ ਮੇਰੇ ਵਲ ਵੇਖਣ ਲਗ ਪਏ ਕਿ ਇਹ ਜੱਟ ਨੇ ਟਿੰਡ ਵਿਚ ਕਾਨਾ ਫਸਾ ਦਿਤਾ ਹੈ, ਹੁਣ ਇਹ ਸਾਡੀ ਤਰਫੋਂ ਵਕਾਲਤ ਕਰੇਗਾ। ਉਹਨਾਂ ਦੇ ਵੀ ਹਾਂ ਪੱਖੀ ਚਿਹਰੇ ਵੇਖ ਕੇ ਮੈਂ ਹੋਰ ਹੁਸ਼ਿਆਰ ਹੋ ਗਿਆ ਤੇ ਮੁੜ ਉਹ ਆਪਣੀ ਰੱਟ ਦੁਹਰਾਈ।

ਬਾਬਾ ਜੀ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ; ਦਇਆ ਸਿੰਘ ਜੇ ਕਿਸੇ ਬਾਣੀ ਪੜ੍ਹਨ ਵਾਲੇ ਸਰੀਰ ਨੂੰ ਕਸ਼ਟ ਹੈ ਤੇ ਉਹ ਉਸ ਦੇ ਆਪਣੇ ਕੀਤੇ ਕਰਮਾਂ ਦਾ ਫਲ ਹੈ।

*ਦਦੈ ਦੋਸ ਨ ਦੇਊ ਕਿਸੈ,*
*ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ, ਸੋ ਮੈ ਪਾਇਆ,*
*ਦੋਸੁ ਨ ਦੀਜੈ, ਅਵਰ ਜਨਾ ॥ (੪੩੩)*

ਅਤੇ *ਦੋਸੁ ਨ ਦੀਜੈ ਕਾਹੂ ਲੋਗ,*
*ਜੋ ਕਮਾਵਨੁ ਸੋਈ ਭੋਗ ॥*
*ਆਪਨ ਕਰਮ ਆਪੇ ਹੀ ਬੰਧ,*
*ਆਵਨ ਜਾਵਨੁ ਮਾਇਆ ਬੰਧ ॥ (੮੮੮)*

ਇਸ ਵਿਚ ਗੁਰਬਾਣੀ ਦਾ ਤਾਂ ਕੋਈ ਦੋਸ਼ ਨਹੀਂ। ਗੁਰਬਾਣੀ ਪੜ੍ਹਨ ਨਾਲ ਤਾਂ ਕਰਮ ਘਟ ਜਾਂਦੇ ਹਨ। ਬਾਣੀ

ਪੜ੍ਹਨ ਨਾਲ ਗੁਰਮੁਖ ਸਰੀਰਕ ਦੁੱਖ ਨੂੰ ਆਪਣੇ ਕਰਮ ਦਾ ਭੁਗਤਾਨ ਜਾਣ ਕੇ ਕਿਸੇ ਨੂੰ ਦੋਸ਼ ਨਹੀਂ ਦਿੰਦਾ ਤੇ ਗੁਰੂ ਹੁਕਮ ਵਿਚ ਸਬਰ-ਸ਼ੁਕਰ ਨਾਲ ਸਮਾਂ ਬਤੀਤ ਕਰ ਲੈਂਦਾ ਹੈ।

ਦਇਆ ਸਿੰਘ ਕਹਿਣ ਲੱਗਾ ਕਿ ਮੈਂ ਫਿਰ ਆਪਣੀ ਜ਼ਿੱਦ ਤੇ ਕਾਇਮ ਰਹਿ ਕੇ ਬਾਬਾ ਜੀ ਨੂੰ ਕਿਹਾ ਕਿ ਜਿਸ ਨੇ ਅੰਮ੍ਰਿਤ ਵੀ ਛਕਿਆ ਹੋਵੇ, ਉਹ ਤੁਹਾਡੇ ਕਹਿਣ ਅਨੁਸਾਰ ਨਿਤਨੇਮ ਵੀ ਕਰਦਾ ਹੋਵੇ, ਗੁਰਬਾਣੀ ਦਾ ਕੀਰਤਨੀਆ ਵੀ ਹੋਵੇ, ਮੈਨੂੰ ਦੱਸੋ ਉਸ ਨੂੰ ਕਿਹੜੇ ਕਰਮ ਦੀ ਸਜ਼ਾ ਮਿਲ ਰਹੀ ਹੈ ਜੋ ਤੁਰਨ ਫਿਰਨ ਤੋਂ ਵੀ ਆਤੁਰ ਹੈ।

ਬਾਬਾ ਜੀ ਕਹਿਣ ਲੱਗੇ, ਦਇਆ ਸਿੰਘ ਪਤਾ ਤਾਂ ਲੱਗੇ ਤੂੰ ਕਿਸ ਦੀ ਗੱਲ ਕਰਦਾ ਹੈਂ? ਤਾਂ ਮੈਂ ਭਰੋਸੇ ਨਾਲ ਕਿਹਾ ਕਿ ਮੈਂ ਸੰਤੋਖ ਸਿੰਘ ਉਸਮਾਨ ਸ਼ਹੀਦ ਵਾਲੇ ਦੀ ਗੱਲ ਕਰਦਾ ਹਾਂ, ਜਿਸ ਨੇ ਤੁਹਾਡੇ ਪਾਸੋਂ ਹੀ ਅੰਮ੍ਰਿਤ ਛਕਿਆ ਹੈ ਤੇ ਬਾਣੀ ਵੀ ਪੜ੍ਹਦਾ ਹੈ, ਰਹਿਤ ਵੀ ਰਖਦਾ ਹੈ ਤੇ ਕੀਰਤਨ ਵੀ ਕਰਦਾ ਹੈ।

ਬਾਬਾ ਜੀ ਮੇਰਾ ਦਲੇਰੀ ਵਾਲਾ ਉੱਤਰ ਸੁਣਕੇ ਕੁਝ ਛਿਨ ਚੁੱਪ ਕਰ ਗਏ ਤੇ ਥੁਹੜੀ ਚੁੱਪ ਬਾਅਦ ਕਹਿਣ ਲੱਗੇ, ਦਇਆ ਸਿੰਘ! ਕਿਸੇ ਦੇ ਕਰਮ ਦਾ ਪੜਦਾ ਨਹੀਂ ਚੁੱਕੀਦਾ। ਸਭ ਆਪੋ ਆਪਣੇ ਕਰਮਾਂ ਦਾ ਹੀ ਫਲ ਭੁਗਤ ਰਹੇ ਹਨ। ਇਸ ਵਿਚ ਰਤਾ ਵੀ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ, ਤੂੰ ਗੁਰਬਾਣੀ ਤੇ ਗਲਤ ਕਿੰਤੂ ਕਰ ਰਿਹਾ ਹੈਂ। ਕੀ ਤੂੰ ਉਸ ਦੇ ਪਿਛਲੇ ਕਰਮ ਬਾਰੇ ਦੱਸ ਸਕਦਾ ਹੈ ਕਿ ਉਸ ਨੇ ਕੋਈ ਐਸਾ ਕਰਮ ਨਹੀਂ ਕੀਤਾ ਜਿਸਦੀ ਉਹ ਸਜ਼ਾ ਭੁਗਤ ਰਿਹਾ ਹੈ?

ਮੈਂ ਉੱਤਰ ਦਿੱਤਾ ਕਿ ਮੈਨੂੰ ਤਾਂ ਪਤਾ ਨਹੀਂ, ਤੁਸੀਂ ਆਪ ਹੀ ਦਸ ਦੇਵੋ ਕਿ ਉਸ ਨੇ ਪਿਛਲੇ ਜਨਮ ਵਿਚ

ਕਿਹੜਾ ਐਸਾ ਮਾੜਾ ਕਰਮ ਕੀਤਾ ਹੈ ਜਿਸ ਦਾ ਭੁਗਤਾਨ ਉਸ ਨੂੰ ਕਰਨਾ ਪੈ ਰਿਹਾ ਹੈ ?

ਬਾਬਾ ਜੀ ਕਹਿਣ ਲੱਗੇ ਕਿ ਦੱਸਣ ਦੀ ਲੋੜ ਤਾਂ ਨਹੀਂ ਸੀ ਪਰ ਇਹ ਜੋ ਪ੍ਰੇਮੀ ਬੈਠੇ ਹਨ, ਜਿਨ੍ਹਾਂ ਦਾ ਗੁਰਬਾਣੀ ਉੱਤੇ ਥੁਹੜਾ ਬਹੁਤ ਭਰੋਸਾ ਹੈ, ਤੇਰੇ ਇਹਨਾਂ ਬਚਨਾਂ ਨਾਲ ਇਹਨਾਂ ਦੇ ਵੀ ਨਾਸਤਕ ਹੋਣ ਦਾ ਡਰ ਹੈ। ਜੇ ਤੂੰ ਇਕੱਲਾ ਗਲ ਕਰਦਾ ਸ਼ਾਇਦ ਫਿਰ ਮੈਨੂੰ ਇਹ ਸਪਸ਼ਟਤਾ ਦੇਣ ਦੀ ਲੋੜ ਨਹੀਂ ਸੀ। (ਉਸ ਸਮੇਂ ਆਪ ਦਾ ਚਿਹਰਾ ਬੜੇ ਜਲਾਲ ਵਿਚ ਸੀ) ਬਾਬਾ ਜੀ ਕਹਿਣ ਲੱਗੇ, ਸੁਣ ! ਦਇਆ ਸਿੰਘ, ਸੰਤੋਖ ਸਿੰਘ ਆਪਣੇ ਹੀ ਪਿਛਲੇ ਜਨਮ ਵਿਚ ਕੀਤੇ ਹੋਏ ਕਰਮ ਦਾ ਫਲ ਭੁਗਤ ਰਿਹਾ ਹੈ।

ਪਿਛਲੇ ਜਨਮ ਵਿਚ ਵੀ ਇਸ ਨੂੰ ਮਨੁੱਖਾ ਦੇਹ ਪ੍ਰਾਪਤ ਸੀ। ਗੁਰੂ ਜੀ ਦਾ ਡਰ ਭੈ ਤਾਂ ਸੀ ਪਰ ਇਹ ਕ੍ਰੋਧੀ ਬਹੁਤ ਸੀ। ਇਕ ਦਿਨ ਬਾਹਰੋਂ ਕੰਮ-ਕਾਰ ਕਰ ਕੇ ਥੱਕ ਟੁੱਟ ਕੇ ਆਇਆ। ਇਸ਼ਨਾਨ ਆਦਿ ਕਰਕੇ ਜੋ ਪ੍ਰਸ਼ਾਦਾ ਘਰ ਵਾਲਿਆਂ ਉਸ ਨੂੰ ਛਕਣ ਨੂੰ ਦਿੱਤਾ ਉਸ ਨੂੰ ਛਕਣਾ ਸ਼ੁਰੂ ਕੀਤਾ। ਅਜੇ ਇਕ ਦੋ ਗਿਰਾਹੀਆਂ ਹੀ ਇਸ ਨੇ ਮੂੰਹ ਵਿਚ ਪਾਈਆਂ ਸਨ ਕਿ ਇਹ ਕੋਈ ਖਾਣ ਵਾਲੀ ਚੀਜ਼ ਲੈਣ ਚਉਂਕੇ ਵਲ ਚਲਾ ਗਿਆ। ਨੇੜੇ ਬੈਠੇ ਕੂਕਰ ਨੇ ਵੇਖਿਆ ਕਿ ਥਾਲੀ ਸੁੰਨੀ ਪਈ ਹੈ, ਆਪਣੀ ਆਦਤ ਮੁਤਾਬਕ ਕੁੱਤਾ ਉਠਿਆ ਤੇ ਥਾਲੀ ਵਿਚ ਪਏ ਪ੍ਰਸ਼ਾਦੇ ਥੁਹੜੀ ਦੂਰ ਲਿਜਾ ਕੇ ਖਾਣ ਲੱਗ ਪਿਆ।

ਜਦੋਂ ਇਹ ਵਾਪਸ ਉਹ ਚੀਜ਼ ਲੈ ਕੇ ਪਰਤਿਆ ਤਾਂ ਥਾਲੀ ਖਾਲੀ ਵੇਖੀ। ਅਗਾਂਹ ਨਿਗ੍ਹਾ ਮਾਰੀ ਤਾਂ ਥਾਲੀ ਵਾਲੇ ਪ੍ਰਸ਼ਾਦੇ ਕੂਕਰ ਬੜੀ ਮੌਜ ਨਾਲ ਖਾ ਰਿਹਾ ਸੀ। ਇਹ ਵੇਖ ਕੇ

ਇਸ ਨੂੰ ਏਨਾ ਕ੍ਰੋਧ ਆਇਆ ਕਿ ਇਸ ਨੇ ਲਾਗੇ ਪਈ ਇਕ ਡਾਂਗ ਚੁੱਕ ਲਈ ਤੇ ਅਵੇਸਲੇ ਰੋਟੀ ਖਾ ਰਹੇ ਕੁੱਤੇ ਦੇ ਲੱਕ ਵਿਚ ਜ਼ੋਰ ਦੀ ਮਾਰ ਦਿੱਤੀ। ਕ੍ਰੋਧ ਅਧੀਨ ਐਸੇ ਜ਼ੋਰ ਦੀ ਡਾਂਗ ਕੁਤੇ ਦੇ ਵਜੀ ਕਿ ਉਸਦਾ ਲੱਕ ਟੁੱਟ ਗਿਆ। ਉਹ ਕੂਕਰ ਕਾਫ਼ੀ ਚਿਰ ਉਥੇ ਹੀ ਪਿਆ ਕੁਰਲਾਹਟ ਪਾਉਂਦਾ ਰਿਹਾ। ਇਸ ਦੇ ਮਨ ਨੂੰ ਪਛਤਾਵਾ ਤਾਂ ਲੱਗਾ ਪਰ ਕ੍ਰੋਧ ਨੇ ਆਪਣਾ ਕੰਮ ਕਰਵਾ ਲਿਆ ਸੀ। ਉਹ ਕੁੱਤਾ ਸਾਰੀ ਉਮਰ ਜਿਨਾਂ ਚਿਰ ਜੀਉਂਦਾ ਰਿਹਾ, ਲੱਕ ਟੁਟਣ ਸਦਕਾ ਲੱਕ ਘਸੀਟ ਘਸੀਟ ਕੇ ਉਸ ਨੇ ਸਮਾਂ ਗੁਜ਼ਾਰਿਆ। ਮੂਹਰਲੀਆਂ ਲੱਤਾਂ ਆਸਰੇ ਹੀ ਸਾਰਾ ਜੀਵਨ ਬਤੀਤ ਕੀਤਾ।

ਉਸ ਸਮੇਂ ਜੇ ਇਹ ਸੰਜਮ ਤੇ ਸਬਰ ਤੋਂ ਕੰਮ ਲੈਂਦਾ, ਵੀਚਾਰ ਲੈਂਦਾ ਕਿ ਉਹ ਪ੍ਰਸ਼ਾਦੇ ਜੋ ਕੁੱਤਾ ਲੈ ਗਿਆ ਹੈ, ਮੇਰੇ ਖਾਣ ਦੇ ਤਾਂ ਰਹੇ ਨਹੀਂ ਤੇ ਨਾ ਹੀ ਇਸ ਨੂੰ ਮਾਰਨ ਨਾਲ ਮੁੜ ਉਹ ਸੁੱਚੇ ਹੋ ਜਾਣੇ ਹਨ, ਇਹ ਇਸ ਦੇ ਭਾਗਾਂ ਦੇ ਹੀ ਲਿਖੇ ਹੋਣੇ ਹਨ, ਸੋਚ ਵੀਚਾਰ ਕਰ ਲੈਂਦਾ ਤਾਂ ਉਸ ਕਰਮ ਤੋਂ ਬਚ ਜਾਣਾ ਸੀ। ਕਰਮ ਕਰਨ ਲੱਗਿਆਂ ਤਾਂ ਜ਼ਰਾ ਵੀ ਸੋਚ ਵੀਚਾਰ ਤੋਂ ਕੰਮ ਨਹੀਂ ਲਿਆ ਜੋ ਹੁਣ ਉਸ ਕੀਤੇ ਕਰਮ ਦਾ ਭੁਗਤਾਨ ਕਰਨਾ ਪੈ ਰਿਹਾ ਹੈ ਤਾਂ ਤੇਰੇ ਵਰਗੇ ਕਿੰਤੂ ਪ੍ਰੰਤੂ ਕਰ ਰਹੇ ਹਨ। (ਛੋਟੀ ਉਮਰ ਵਿਚ ਸੰਤੋਖ ਸਿੰਘ ਦੀਆਂ ਲੱਤਾਂ ਪੋਲੀਓ ਕਾਰਨ ਸੁੱਕ ਗਈਆਂ ਸਨ)

ਬਾਬਾ ਜੀ ਨੇ ਕਿਹਾ, ਭਾਂਵੇਂ ਸੰਤੋਖ ਸਿੰਘ ਔਖ ਨਾਲ ਤੁਰਦਾ ਹੈ ਪਰ ਗੁਰਬਾਣੀ ਪੜ੍ਹਨ ਸੁਣਨ ਸਦਕਾ, ਗੁਰੂ ਓਟ ਆਸਰੇ ਇਹ ਦੁੱਖ ਉਸਨੂੰ ਬਹੁਤਾ ਦੁਖਦਾਈ ਨਹੀਂ ਭਾਸਦਾ। ਸਬਰ ਸੰਤੋਖ ਨਾਲ ਦਿਨ ਕਟ ਰਿਹਾ ਹੈ। ਇਹ ਗੁਰਬਾਣੀ ਦੀ ਹੀ ਬਰਕਤ ਹੈ। ਜੇ ਉਹ ਗੁਰਬਾਣੀ ਤੋਂ ਦੂਰ ਹੁੰਦਾ ਤਾਂ

ਸਬਰ ਸ਼ੁਕਰ ਦੀ ਥਾਂ ਪਰਮੇਸ਼ਰ ਨੂੰ ਉਲ੍ਹਾਮੇ ਮਾਰਦਿਆਂ, ਝੋਰ੍ਹੇ ਵਿਚ ਸਮਾਂ ਬਤੀਤ ਹੋਣਾ ਸੀ। ਇਸੇ ਲਈ ਗੁਰੂਦੇਵ ਪੰਜਵੇਂ ਪਾਤਸ਼ਾਹ ਜੀ ਨੇ ਗੁਰਬਾਣੀ ਵਿਚ ਹੁਕਮ ਕੀਤਾ ਹੈ:-

*ਨਹ ਬਿਲੰਬ ਧਰਮੰ, ਬਿਲੰਬ ਪਾਪੰ ॥*(੧੩੫੪)

ਭਾਵ : ਪਾਪ ਕਰਨ ਤੋਂ ਪਹਿਲਾਂ ਦੇਰ ਕਰਨੀ ਚਾਹੀਦੀ ਹੈ, ਉਸ ਪਾਪ ਕਰਮ ਦੇ ਮਿਲਣ ਵਾਲੇ ਫਲ ਪ੍ਰਤੀ ਸੋਚਣਾ ਚਾਹੀਦਾ ਹੈ, ਕਈ ਵਾਰ ਦੇਰ ਕਰਨ ਨਾਲ ਪਾਪ ਕਰਨ ਦਾ ਸਮਾਂ ਟਲ ਜਾਂਦਾ ਹੈ।

ਦਇਆ ਸਿੰਘ ਨੇ ਦੱਸਿਆ ਕਿ ਜਦੋਂ ਬਾਬਾ ਜੀ ਨੇ ਇਹ ਸਾਰੀ ਵਾਰਤਾ ਸੰਤੋਖ ਸਿੰਘ ਦੇ ਪਿਛਲੇ ਜਨਮ ਦੀ ਦੱਸੀ ਤਾਂ ਸਾਡੇ ਵੀ ਰੌਂਗਟੇ ਖੜੇ ਹੋ ਗਏ ਤੇ ਹੋਰ ਕਿੰਤੂ ਕਰਨ ਦੀ ਜੁਅਰਤ ਨ ਰਹੀ ਤੇ ਮਨ ਵਿਚ ਮਾੜੇ ਕਰਮ ਤੋਂ ਸੰਕੋਚ ਕਰਨ ਲਈ ਇਕ ਲਗਾਤਾਰ ਸੋਚ ਚਲ ਪਈ। ਉਹ ਪਹਿਲੇ ਪ੍ਰੇਮੀ ਤੇ ਮੈਂ ਵੀ ਪੱਥਰ ਦੀ ਮੂਰਤ ਵਾਂਗ ਹੁਣ ਬਾਬਾ ਜੀ ਬਚਨ ਸੁਣ ਰਹੇ ਸਾਂ।

ਬਾਬਾ ਜੀ ਨੇ ਹੋਰ ਵਿਸਥਾਰ ਨਾਲ ਸਾਡੇ ਹੋਰ ਸ਼ੰਕੇ ਜੋ ਮਨ ਦੇ ਕਿਸੇ ਕੋਨੇ ਵਿਚ ਪਏ ਸਨ, ਗੁਰਸਾਣੀ ਦੀਆਂ ਪੰਗਤੀਆਂ ਰਹੀਂ ਦੂਰ ਕਰ ਦਿੱਤੇ। ਮੈਨੂੰ ਬਹੁਤੀ ਬਾਣੀ ਤਾਂ ਯਾਦ ਨਹੀਂ ਪਰ ਜਪੁਜੀ ਸਾਹਿਬ ਵਿਚ :-

*ਆਪੇ ਬੀਜਿ ਆਪੇ ਹੀ ਖਾਹੁ ॥*

ਦੇ ਅਰਥ ਸਮਝਾਉਂਦਿਆਂ ਦੱਸਿਆ ਕਿ ਮਨੁੱਖ ਜਿਹੋ ਜਿਹਾ ਇਸ ਸਰੀਰ ਨਾਲ ਬੀਜਦਾ ਹੈ (ਭਾਵ ਕਰਮ ਕਰਦਾ ਹੈ) ਉਸ ਨੂੰ ਉਹੋ ਜਿਹਾ ਹੀ ਉਸ ਦਾ ਫਲ ਖਾਣਾ ਪੈਂਦਾ ਹੈ, ਭਾਵ ਉਸ ਦਾ ਫਲ ਭੁਗਤਣਾ ਪੈਂਦਾ ਹੈ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*(੧੩੪)

ਇਸ ਸਰੀਰ ਰੂਪੀ ਖੇਤ ਵਿਚ ਤੁਸੀ ਜਿਹੋ ਜਿਹਾ ਕਰਮ ਕਰੋਗੇ ਉਸ ਦਾ ਫਲ ਵੀ ਉਸੇ ਅਨੁਸਾਰ ਭੁਗਤਣਾ ਪਵੇਗਾ।

ਇਹ ਜੋ ਸਰੀਰ ਵੀ ਸਾਨੂੰ ਪਰਮੇਸ਼ਰ ਨੇ ਦਿੱਤੇ ਹਨ ਇਹ ਵੀ ਕਰਮਾਂ ਕਰਕੇ ਮਿਲੇ ਹਨ। ਕਿਸੇ ਦਾ ਸੋਹਣਾ ਅਰੋਗ-ਸਡੌਲ ਸਰੀਰ, ਕਿਸੇ ਦਾ ਕਰੂਪ-ਕੋਝਾ, ਕੋਈ ਅੰਗਹੀਨ ਹੈ ਕੋਈ ਮਤਹੀਨ ਹੈ। ਇਹ ਸਭ ਪੂਰਬਲੇ ਕੀਤੇ ਕਰਮਾਂ ਅਨੁਸਾਰ ਹੀ ਚਲ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਜਪੁਜੀ ਸਾਹਿਬ ਦੀ ਚੌਥੀ ਪਉੜੀ ਦੇ ਅਖੀਰ ਵਿਚ ਬੜਾ ਸਪਸ਼ਟ ਲਿਖਿਆ ਹੈ:-

*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥*

ਕਰਮਾਂ ਕਰਕੇ ਸਰੀਰ ਰੂਪੀ ਪੁਸ਼ਾਕਾ ਮਿਲਦਾ ਤੇ ਪਰਮੇਸ਼ਰ ਦੀ ਰਹਿਮਤੇ ਨਜ਼ਰ ਨਾਲ ਬੰਦ ਖਲਾਸੀ ਹੋ ਜਾਂਦੀ ਹੈ। ਜੇ ਹੋਰ ਕਰਮਾਂ ਪ੍ਰਤੀ ਸ਼ੰਕਾ ਨਵਿਰਤ ਕਰਨਾ ਹੈ ਤਾਂ ਭਗਤ ਤ੍ਰਿਲੋਚਨ ਜੀ ਦਾ ਸ਼ਬਦ ਪੜ੍ਹ ਲੈਣਾ ਚਾਹੀਦਾ ਹੈ:-

*ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥*
*ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥* (੬੯੫)

ਪਰਮੇਸ਼ਰ ਦੇ ਦਰ ਵਿਚ ਤਾਂ ਗੁਰੂ ਹੁਕਮ ਅਨੁਸਾਰ :-

*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
(੪੭੦)

*ਅਤੇ ਫਲੁ ਤੇ ਵੇਹੋ ਪਾਈਐ ਜੇ ਵੇਹੀ ਕਾਰ ਕਮਾਈਐ ॥*
(੪੬੮)

ਇਸ ਸਰੀਰ ਨਾਲ ਜੋ ਕੁਝ ਮਾੜੇ ਚੰਗੇ ਕਰਮ ਮਨੁੱਖ ਕਰਦਾ ਹੈ ਉਸ ਦਾ ਫਲ ਅਵੱਸ਼ ਉਸ ਨੂੰ ਭੁਗਤਣਾ ਪੈਂਦਾ ਹੈ:-

*ਕਰਮ ਧਰਤੀ ਸਰੀਰੁ ਜੁਗ ਅੰਤਰਿ,*
*ਜੋ ਬੋਵੈ ਸੋ ਖਾਤਿ ॥* (੧੮)

ਪਰਮੇਸ਼ਰ ਨੇ ਮਨੁੱਖ ਨੂੰ ਕਰਮ ਕਰਨ ਦੀ ਸੁਤੰਤਰਤਾ ਦਿੱਤੀ ਹੋਈ ਹੈ ਪਰ ਕੀਤੇ ਹੋਏ ਕਰਮਾਂ ਦੇ ਫਲ ਨੂੰ ਭੋਗਣ ਲਈ ਮਨੁੱਖ ਪ੍ਰਾਤੰਤਰ ਹੈ। ਇਸ ਲਈ ਜੋ ਵੀ ਕਰਮ ਕਰਨਾ ਹੋਵੇ ਪਹਿਲਾਂ ਉਸ ਦੇ ਮਿਲਣ ਵਾਲੇ ਫਲ ਦਾ ਲੇਖਾ ਅਵੱਸ਼ ਕਰ ਲੈਣਾ ਚਾਹੀਦਾ ਹੈ।

ਗੁਰਬਾਣੀ ਤੇ ਨਾਮ ਸਿਮਰਨ, ਕੀਤੇ ਮਾੜੇ ਕਰਮਾਂ ਦੇ ਫਲ ਨੂੰ ਘਟਾ ਜ਼ਰੂਰ ਦਿੰਦਾ ਹੈ ਇਸ ਵਿਚ ਰੰਚਕ ਮਾਤ੍ਰ ਵੀ ਕੋਈ ਸ਼ੱਕ ਜਾਂ ਦੁਬਿਧਾ ਦੀ ਗੁੰਜਾਇਸ਼ ਨਹੀਂ:-

*ਘੋਰ ਦੁਖੵੰ ਅਨਿਕ ਹਤੵੰ, ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥*
*ਮਿਟੰਤ ਸਗਲ, ਸਿਮਰੰਤ ਹਰਿ ਨਾਮ ਨਾਨਕ*
*ਜੈਸੇ ਪਾਵਕ ਕਾਸਟ ਭਸਮੰ ਕਰੋਤਿ"* (੧੩੫੫)

ਇਸ ਦੇ ਅਰਥ ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ ਕਿ ਭਿਆਨਕ ਦੁੱਖ-ਕਲੇਸ਼ (ਕੀਤੇ ਹੋਏ) ਅਨੇਕਾਂ ਖ਼ੂਨ, ਜਨਮਾਂ ਜਨਮਾਂਤਰਾਂ ਦੀ ਗ਼ਰੀਬੀ, ਵੱਡੇ-ਵੱਡੇ ਪੁਆੜੇ, ਇਹ ਸਾਰੇ, ਹੇ ਨਾਨਕ! ਪ੍ਰਮਾਤਮਾ ਦਾ ਨਾਮ ਸਿਮਰਿਆਂ ਮਿੱਟ ਜਾਂਦੇ ਹਨ। ਜਿਵੇਂ ਅੱਗ ਲੱਕੜਾਂ ਨੂੰ ਸੁਆਹ ਕਰ ਦੇਂਦੀ ਹੈ। ਇਸ ਲਈ ਸ਼ੁਰੂ ਵਿਚ ਦਿਤੀ ਗੁਰਬਾਣੀ ਦੀ ਪੰਗਤੀ :- *ਦੂਖ ਨ ਦੇਈ ਕਿਸੈ ਜੀਅ*
*ਪਤਿ ਸਿਉ ਘਰਿ ਜਾਵਉ ॥* (੩੨੨)
ਨੂੰ ਵੀ ਧਿਆਨ ਵਿਚ ਰਖਣਾ ਚਾਹੀਦਾ ਹੈ।

ooo

ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/-ਰੁ: ਸੈਂਕੜਾ ਦੇ ਹਿਸਾਬ ਭੇਟਾ ਭੇਜ ਕੇ ਸ: ਦੀਦਾਰ ਸਿੰਘ C-129, ਵਿਕਾਸ ਕਾਲੋਨੀ, (ਕੌਲਾਂ ਵਾਲਾ ਟੋਭਾ) ਪਟਿਆਲਾ-147001 ਤੋਂ ਮੰਗਵਾਏ ਜਾ ਸਕਦੇ ਹਨ।